**Series JBB** **SET-4**

**Code No. 6**

Roll No. | | | | | | | | |

Candidates must write the Code on the title page of the answer-book.

| | ਨੋਟ | | NOTE |
|---|---|---|---|
| (I) | ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **11** ਪੰਨੇ ਹਨ । | (I) | Please check that this question paper contains **11** printed pages. |
| (II) | ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ । | (II) | Code number given on the right hand side of the question paper should be written on the title page of the answer-book by the candidate. |
| (III) | ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ । | (III) | Please check that this question paper contains **15** questions. |
| (IV) | ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । | (IV) | Please write down the Serial Number of the question in the answer-book before attempting it. |
| (V) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । | (V) | 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

**ਨੋਟ:** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

**1.** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ, ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *2+2+2+2+1=9*

ਸਿਰਫ਼ ਉਹੀ ਦੇਸ ਅਮੀਰ ਤੇ ਮਾਲੋਮਾਲ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ । ਉਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ, ਰੁਕੇ ਵਿਕਾਸ ਦੀ ਨਿਸ਼ਾਨੀ ਹੈ । ਹੋਣਹਾਰ ਮਨੁੱਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿੱਛਲੇ ਕੀਤੇ ਕੰਮ ਨਾਲੋਂ ਚੰਗੇਰਾ ਹੋਵੇ । ਜਿਸ ਕੌਮ ਦਾ ਇਹ ਖਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲਾ ਜੀਵਨ ਚੰਗਾ ਸੀ ਇਸੇ ਲਈ ਉਸੇ ਨੂੰ ਹੀ ਨਿਸ਼ਾਨਾ ਰਖਿਆ ਜਾਏ, ਉਸ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿੱਚ ਖਲੋਣਾ ਪੈਂਦਾ ਹੈ । ਨਸਲਾਂ ਦੀ ਮਾਨਸਿਕ ਅਵਸਥਾ ਉੱਤੇ ਹੀ ਉਹਨਾਂ ਦੀ ਖੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ । ਜਦੋਂ ਕਿਸੇ ਨਸਲ ਦੇ ਲੋਕ ਲਕੀਰ ਦੇ ਫਕੀਰ ਹੋ ਜਾਂਦੇ ਹਨ, ਹਮੇਸ਼ਾ ਕਿਸੇ ਦੇ ਪਾਏ ਪੂਰਨਿਆਂ ਉੱਤੇ ਹੀ ਚਲਦੇ ਹਨ, ਆਪੀਂ ਕੋਈ ਪੂਰਨਾ ਪਾਉਣ ਦੀ ਦਲੇਰੀ ਨਹੀਂ ਰਖਦੇ, ਪਿਛਲੱਗ ਅਖਵਾਉਣ ਵਿੱਚ ਹੀ ਫ਼ਖ਼ਰ ਸਮਝਦੇ ਹਨ ਤੇ ਮੋਹਰੀ ਹੋਣੋਂ ਘਬਰਾਂਦੇ ਹਨ, ਉਸ ਨਸਲ ਦਾ ਵਾਧਾ ਰੁੱਕ ਜਾਂਦਾ ਹੈ, ਬੁੱਧ ਮੋਟੀ ਹੋ ਜਾਂਦੀ ਹੈ ਤੇ ਜ਼ਿੰਦਗੀ ਵਿੱਚੋਂ ਸੁਹਜ–ਸੁਆਦ ਘੱਟ ਜਾਂਦਾ ਹੈ । ਐਸੀ ਕੌਮ ਸੁਤੰਤਰ ਨਹੀਂ ਰਹਿ ਸਕਦੀ । ਜ਼ਰੂਰ ਕਿਸੇ ਦੂਜੀ ਕੌਮ ਦੀ ਗੁਲਾਮ ਬਣ ਜਾਂਦੀ ਹੈ । ਸੋ ਦ੍ਰਿੜ ਕਰਨ ਵਾਲੀ ਗੱਲ ਇਹ ਹੈ ਕਿ ਨਵਾਂ ਸੋਚਣ ਤੇ ਕਰਨ ਵਿੱਚ ਹੀ ਜੀਵਨ ਦੀ ਨਜਾਤ ਹੈ । ਦੇਸ ਦੀ ਉਨੱਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖ਼ਿਆਲ ਦੁਨੀਆ ਨੂੰ ਦਿਉ । ਕੋਈ ਨਵੀਂ ਕਾਢ ਕੱਢੋ, ਕੋਈ ਨਵਾਂ ਸੁਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚ ਸੋਚੋ ਤੇ ਨਵੇਂ ਅਮਲ ਕਰੋ ।

ਪ੍ਰਸ਼ਨ :

(A) ਕਿਹੜੀ ਕੌਮ ਨੂੰ ਜ਼ਿੰਦਗੀ ਦੀਆਂ ਪਿੱਛਲੀਆਂ ਕਤਾਰਾਂ ਵਿੱਚ ਖਲੋਣਾ ਪੈਂਦਾ ਹੈ ?

(B) ਕਿਹੜੀ ਕੌਮ ਜਾਂ ਨਸਲ ਦਾ ਵਾਧਾ ਹੋਣਾ ਰੁੱਕ ਜਾਂਦਾ ਹੈ ?

(C) ਦੇਸ਼ ਦੀ ਉੱਨਤੀ ਕਦੋਂ ਸੰਭਵ ਹੋ ਸਕਦੀ ਹੈ ?

(D) ਲਕੀਰੇ ਅੱਖਰਾਂ ਦੇ ਅਰਥ ਲਿਖੋ – ਲਕੀਰ ਦੇ ਫਕੀਰ, ਈਜਾਦ, ਕਤਾਰਾਂ, ਫ਼ਖ਼ਰ ।

(E) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦਿਓ ।

**2.** ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *2×3=6*

ਅਮਨ ਦਾ ਇਹ ਅਹਿਦਨਾਮਾ, ਆਓ ਦੁਨੀਆਵਾਲਿਓ ਦਸਖ਼ਤ ਕਰੋ
ਕਾਗਜ਼ ਹੈ ਤਕਦੀਰ ਦਾ, ਤੇ ਕਲਮ ਹੈ ਤਦਬੀਰ ਦੀ
ਅੱਜ ਕਲਮ ਦੇ ਵਿੱਚ ਅਮਲ ਦੀ ਸਿਆਹੀ ਭਰੋ, ਦਸਖ਼ਤ ਕਰੋ ।

ਪ੍ਰਸ਼ਨ :

(A) ਕਿਸ ਅਹਿਦਨਾਮੇ ਉੱਤੇ ਕਿਸਨੂੰ ਦਸਖ਼ਤ ਕਰਨ ਦਾ ਸੱਦਾ ਦਿੱਤਾ ਗਿਆ ਹੈ ?

(B) ਕਿਹੜੇ ਕਾਗਜ਼ ਅਤੇ ਕਲਮ ਦੀ ਗੱਲ ਕੀਤੀ ਗਈ ਹੈ ?

(C) ਕਲਮ ਵਿੱਚ ਕਿਹੜੀ ਸਿਆਹੀ ਭਰਨ ਲਈ ਕਿਹਾ ਗਿਆ ਹੈ ?

'ਵਿਆਕਰਨ'

**3.** (i) 'ਪੜ੍ਹਿਆ ਅਤੇ ਲਿਖਿਆ' ਲਈ ਸਹੀ ਸਮਾਸੀ ਸ਼ਬਦ ਦੀ ਚੋਣ ਕਰੋ –

(A) ਲਿਖਿਆ-ਪੜ੍ਹਿਆ

(B) ਪੜ੍ਹਿਆ ਲਿਖਿਆ

(C) ਪੜ੍ਹਿਆ-ਲਿਖਿਆ

(D) ਪੜ੍ਹੀ-ਲਿਖੀ

(ii) 'ਸਾਫ਼-ਸੁਥਰਾ' ਸਮਾਸੀ ਸ਼ਬਦ ਦਾ ਸਹੀ ਸ਼ਬਦ-ਸਮੂਹ ਕਿਹੜਾ ਹੈ ?

(A) ਸਾਫ਼ ਅਤੇ ਸੁਥਰਾ

(B) ਸਾਫ਼ ਲਈ ਸੁਥਰਾ

(C) ਸਾਫ਼ ਦਾ ਸੁਥਰਾ

(D) ਸਫ਼ਾਈ ਸੁਥਰਾ

(iii) ਹੇਠ ਲਿਖਿਆਂ ਵਿੱਚੋਂ ਸਮਾਨਾਰਥੀ ਸ਼ਬਦਾਂ ਵਾਲੇ ਸਮਾਸੀ ਸ਼ਬਦ ਚੁਣੋ :

(A) ਦੁੱਧ–ਦਹੀਂ

(B) ਜਿੰਦ–ਜਾਨ

(C) ਔਖਾ–ਸੌਖਾ

(D) ਦੇਸ–ਭਗਤ

(iv) ਹੇਠ ਲਿਖਿਆਂ ਵਿੱਚੋਂ 'ਘਿਓ–ਸ਼ੱਕਰ' ਸਮਾਸੀ ਸ਼ਬਦ ਕਿਸ ਸ਼ਬਦ ਸਮੂਹ ਲਈ ਵਰਤਿਆ ਜਾਂਦਾ ਹੈ :

(A) ਘਿਓ ਅਤੇ ਸ਼ੱਕਰ

(B) ਘਿਓ ਦੀ ਸ਼ੱਕਰ

(C) ਘਿਓ ਵਾਸਤੇ ਸ਼ੱਕਰ

(D) ਘਿਓ ਲਈ ਸ਼ੱਕਰ *1×4=4*

**4.** (i) ਬਹੁਅਰਥਕ ਸ਼ਬਦ ਕਿਸਨੂੰ ਕਹਿੰਦੇ ਹਨ ?

(A) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ

(B) ਸਮਾਨ ਅਰਥ ਰੱਖਣ ਵਾਲੇ ਸ਼ਬਦਾਂ ਨੂੰ

(C) ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦਾਂ ਨੂੰ

(D) ਇੱਕ ਤੋਂ ਵੱਧ ਅਰਥ ਰੱਖਣ ਵਾਲੇ ਸ਼ਬਦਾਂ ਨੂੰ

(ii) 'ਹਾਲ' ਸ਼ਬਦ ਦੇ ਬਹੁਅਰਥੀ ਸ਼ਬਦ ਚੁਣੋ –

(A) ਹਾਲਤ, ਵਾਂਗ

(B) ਸੂਤਰ, ਹਾਲਤ

(C) ਵੱਡਾ ਕਮਰਾ, ਹਾਲਤ

(D) ਇਸ ਵੇਲੇ, ਮਿਠਾਸ

(iii) 'ਹਥਲਾ ਕੰਮ ਛੇਤੀ-ਛੇਤੀ ਪੂਰਾ ਕਰ ਲਓ ਕਿਉਂਕਿ ਕਰਮੇ ਦਾ ਬਾਪੂ ਪੂਰਾ ਹੋ ਗਿਆ ਹੈ, ਉਹਦੇ ਸੰਸਕਾਰ ਤੇ ਜਾਣਾ ਹੈ । ਕਰਮੇ ਦਾ ਬਾਪੂ ਪੂਰਾ ਦੇਸ-ਭਗਤ ਸੀ ।' ਇਸ ਵਾਕ ਵਿੱਚ 'ਪੂਰਾ' ਸ਼ਬਦ ਤਿੰਨ ਵਾਰ ਆਇਆ ਹੈ । ਦੂਜੀ ਵਾਰ ਆਏ 'ਪੂਰਾ' ਸ਼ਬਦ ਤੋਂ ਕੀ ਭਾਵ ਹੈ ?

(A) ਖਤਮ ਕਰਨਾ

(B) ਮੁਕੰਮਲ

(C) ਮਰ ਗਿਆ

(D) ਸਾਰਾ

(iv) ਹੇਠ ਲਿਖਿਆਂ ਵਿੱਚੋਂ 'ਡੰਡੀ' ਸ਼ਬਦ ਦੇ ਬਹੁਅਰਥੀ ਨਹੀਂ ਹੈ :

(A) ਰਾਹ, ਗਹਿਣਾ

(B) ਤਿਲਕ, ਬੂਟਾ

(C) ਵਿਸਰਾਮ ਚਿੰਨ੍ਹ

(D) ਸੋਟੀ, ਰਾਹ *1×4=4*

**5.** (i) ਸਥਾਨਵਾਚਕ ਕਿਰਿਆ ਵਿਸ਼ੇਸ਼ਣ ਕਿਰਿਆ ਦਾ ਕੀ ਦੱਸਦੇ ਹਨ ?

(A) ਥਾਂ

(B) ਨਤੀਜਾ

(C) ਸਮਾਂ

(D) ਗਿਣਤੀ

(ii) 'ਕੱਲ੍ਹ' ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?

(A) ਕਾਰਨਵਾਚਕ

(B) ਪ੍ਰਕਾਰਵਾਚਕ

(C) ਸੰਖਿਆਵਾਚਕ

(D) ਕਾਲਵਾਚਕ

(iii) 'ਸੁਨੀਲ ਈਮਾਨਦਾਰੀ ਨਾਲ ਕੰਮ ਕਰਦਾ ਹੈ ।' ਵਾਕ ਵਿਚੋਂ ਕਿਰਿਆ ਵਿਸ਼ੇਸ਼ਣ ਚੁਣੋ –

(A) ਸੁਨੀਲ

(B) ਈਮਾਨਦਾਰੀ

(C) ਕੰਮ

(D) ਕਰਦਾ ਹੈ

(iv) ਕਿਰਿਆ ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ ?

(A) ਚਾਰ

(B) ਅੱਠ

(C) ਦਸ

(D) ਬਾਰ੍ਹਾਂ *1×4=4*

**6.** (i) 'ਧਰਮ' ਅਤੇ 'ਨਿਰ' ਅਗੇਤਰ ਲਾ ਕੇ ਦੋ–ਦੋ ਸ਼ਬਦ ਬਣਾਓ ।

(ii) 'ਹੀਣ' ਅਤੇ 'ਦਾਰੀ' ਪਿਛੇਤਰ ਲਾ ਕੇ ਦੋ–ਦੋ ਸ਼ਬਦ ਬਣਾਓ । *2×2=4*

**7.** ਹੇਠ ਲਿਖੇ ਮੁਹਾਵਰਿਆਂ ਦਾ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ : *1×4=4*

(i) ਕੰਨ ਭਰਨੇ

(ii) ਘਿਓ–ਖਿਚੜੀ ਹੋਣਾ

(iii) ਜੂਨ ਭੁਗਤਣਾ

(iv) ਚਾਰ ਚੰਨ ਲਗਣੇ

'ਲਿਖਣ ਕੌਸ਼ਲ'

**8.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : *10*

'ਨਾਨਕ ਦੁਖੀਆ ਸਭੁ ਸੰਸਾਰ'

ਨੁਕਤੇ — • ਗੁਰੂ ਨਾਨਕ ਦੇਵ ਜੀ ਦੀ ਉਚਾਰੀ ਤੁਕ, • ਜੀਵਨ ਦੀ ਅਟਲ ਸੱਚਾਈ, • ਮਨੁੱਖ ਨੂੰ ਭੁਲੇਖਾ ਕਿ ਮੈਂ ਹੀ ਦੁਖੀ ਹਾਂ, • ਅਮੀਰ ਮਾਨਸਿਕ ਦੁਖੀ, • ਗਰੀਬ ਆਰਥਿਕ ਤੰਗੀ ਤੋਂ ਦੁਖੀ, • ਦੁੱਖ ਦਾ ਮਨੁੱਖੀ ਜੀਵਨ ਵਿੱਚ ਖਾਸ ਸਥਾਨ, • ਦੁੱਖ ਵਿੱਚ ਸੰਘਰਸ਼ ਕਰਨ ਨਾਲ ਉਸਾਰੂ ਕੰਮ ਹੁੰਦੇ ਹਨ, • ਦੁੱਖ ਵਿੱਚ ਸਿਮਰਨ ਨਾਲ ਆਤਮਕ ਬਲ ਦੀ ਪ੍ਰਾਪਤੀ, • ਸਿੱਟਾ ।

**ਜਾਂ**

'ਪੁਸਤਕਾਂ ਸਭ ਤੋਂ ਚੰਗਾ ਸਾਥੀ'

ਨੁਕਤੇ — • ਜੀਵਨ ਵਿੱਚ ਰਿਸ਼ਤਿਆਂ ਦਾ ਮਹਤੱਵ, • ਪੁਸਤਕਾਂ ਦਾ ਮਹੱਤਵ, • ਪੁਸਤਕ – ਇਕ ਚੰਗਾ ਸਾਥੀ, • ਪੁਸਤਕਾਂ ਦੀਆਂ ਕਿਸਮਾਂ, • ਪੁਸਤਕਾਂ ਦੀ ਚੋਣ ਵੇਲੇ ਸੁਚੇਤ, • ਸਿੱਟਾ ।

**ਜਾਂ**

'ਮਹਿੰਗਾਈ ਦੀ ਸਮੱਸਿਆ'

ਨੁਕਤੇ — • ਭੂਮਿਕਾ, • ਮਨੁੱਖ ਦੀਆਂ ਮੂਲ ਜ਼ਰੂਰਤਾਂ, • ਮਹਿੰਗਾਈ ਦੀ ਸਮੱਸਿਆ : ਵਿਸ਼ਵ–ਵਿਆਪੀ, • ਮਹਿੰਗਾਈ ਦੇ ਮੁੱਖ ਕਾਰਨ, • ਸਰਕਾਰ ਵੱਲੋਂ ਠੋਸ ਕਦਮ ।

**9.** ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ : *8*

ਆਪਣੇ ਮਿੱਤਰ ਜਾਂ ਸਹੇਲੀ ਨੂੰ ਚਿੱਠੀ ਲਿਖੋ ਜਿਸ ਵਿੱਚ ਉਸਦੀ ਭੈਣ ਦੇ ਹੋਣ ਵਾਲੇ ਵਿਆਹ ਵਿੱਚ ਬੇਲੋੜੇ ਖਰਚੇ ਨਾ ਕਰਨ ਦੀ ਗੁਜ਼ਾਰਿਸ਼ ਕੀਤੀ ਜਾਵੇ ।

ਨੁਕਤੇ – • ਸਤਿਕਾਰ ਭਰੇ ਸ਼ਬਦ • ਵਿਆਹ ਦੀ ਵਧਾਈ • ਸਾਦਾ ਵਿਆਹ ਕਰਨ ਦੀ ਤਾਕੀਦ • ਬੇਲੋੜੇ ਖਰਚੇ ਨਾ ਕਰਨ ਦੀ ਬਿਨਤੀ • ਉਹੀ ਪੈਸਾ ਕਿਸੇ ਚੰਗੇ ਕੰਮ ਲਾਉਣ ਦੀ ਸਲਾਹ • ਧੰਨਵਾਦ • ਆਪਣਾ ਸਿਰਨਾਵਾਂ ।

**ਜਾਂ**

ਪ੍ਰਕਾਸ਼ਕ ਕੋਲੋਂ ਤੁਸੀਂ ਪੁਸਤਕਾਂ ਮੰਗਵਾਈਆਂ ਸਨ ਪਰ ਉਹ ਪੁਸਤਕਾਂ ਬੜੀ ਹੀ ਮਾੜੀ ਹਾਲਤ ਵਿੱਚ ਹਨ । ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਪ੍ਰਕਾਸ਼ਕ ਨੂੰ ਪੱਤਰ ਲਿਖੋ ।

ਨੁਕਤੇ – • ਸਤਿਕਾਰ ਭਰੇ ਸ਼ਬਦ, • ਪਿਛਲੇ ਹਫਤੇ ਪੁਸਤਕ-ਸੂਚੀ ਅਨੁਸਾਰ ਪੁਸਤਕਾਂ ਮੰਗਵਾਈਆਂ, • ਕੁਝ ਪੁਸਤਕਾਂ ਦੀ ਹਾਲਤ ਮਾੜੀ, • ਜ਼ਿਲਦ ਫਟੀ... ਛਪਾਈ ਠੀਕ ਨਹੀਂ • ਪੁਸਤਕਾਂ ਬਦਲ ਕੇ ਜਲਦ ਤੋਂ ਜਲਦ ਭੇਜਣ ਦੀ ਤਾਕੀਦ • ਧੰਨਵਾਦ • ਸਿਰਨਾਵਾਂ (ਆਪਣਾ) ।

**10.** ਤੁਸੀਂ ਆਪਣਾ ਦੁਪਹੀਆ ਸਕੂਟਰ ਵੇਚਣਾ ਚਾਹੁੰਦੇ ਹੋ । ਉਸ ਲਈ ਆਕਰਸ਼ਕ ਇਸ਼ਤਿਹਾਰ 50 ਸ਼ਬਦਾਂ ਵਿੱਚ ਤਿਆਰ ਕਰੋ । *7*

**ਜਾਂ**

ਹੇਠਲੀ ਤਸਵੀਰ ਨੂੰ ਵੇਖ ਕੇ 50 ਸ਼ਬਦਾਂ ਵਿਚ ਉਸਦਾ ਵਰਣਨ ਕਰੋ :



(ਸਿਰਫ਼ ਨੇਤਰਹੀਨ ਵਿਦਿਆਰਥੀਆਂ ਲਈ)

ਤੁਸੀਂ ਆਪਣੇ ਸਕੂਲ ਵਿੱਚ ਸਭ ਨੂੰ ਪਲਾਸਟਿਕ ਦੀ ਥੈਲੀ (ਪੋਲੀਥੀਨ) ਦੀ ਵਰਤੋਂ ਬੰਦ ਕਰਨ ਲਈ ਸਮਝਾਉਂਦੇ ਹੋਏ 50 ਸ਼ਬਦਾਂ ਦਾ ਸੰਦੇਸ਼ ਲਿਖੋ ।

ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ –

**11.** ਅਤਿ ਛੋਟੇ ਪ੍ਰਸ਼ਨ (ਬਹੁਵਿਕਲਪੀ) *1×4=4*

(i) ਰਜਨੀ ਦਾ ਨਾਂ ਕਿਸ ਅਵਾਰਡ ਲਈ ਭੇਜਣ ਦੀ ਸਿਫ਼ਾਰਿਸ਼ ਕੀਤੀ ?

(A) ਸਕੂਲ ਦਾ ਸਲਾਨਾ ਅਵਾਰਡ

(B) ਮੁੱਖਮੰਤਰੀ ਅਵਾਰਡ

(C) ਪ੍ਰਧਾਨਮੰਤਰੀ ਅਵਾਰਡ

(D) ਰਾਸ਼ਟਰਪਤੀ ਅਵਾਰਡ

(ii) ਪੇਪਰ ਖ਼ਤਮ ਹੋਣ ਤੋਂ ਬਾਅਦ ਮੀਨਾਕਸ਼ੀ ਕਿਸ ਦੇ ਘਰ ਚਲੀ ਗਈ ?

(A) ਨਾਨੀ

(B) ਦਾਦੀ

(C) ਭੂਆ

(D) ਮਾਸੀ

(iii) ਕਿਹੜਾ ਰੋਗ ਸਭ ਤੋਂ ਵੱਡਾ ਹੈ ?

(A) ਕ੍ਰੋਧ

(B) ਹਊਮੈਂ

(C) ਲਾਲਚ

(D) ਬੇਈਮਾਨੀ

(iv) ਟਰੈਕਿੰਗ ਦੇ ਦੌਰਾਨ ਰਾਸ਼ਨ ਮੁੱਕਣ ਤੇ ਕੀ ਖਾ ਕੇ ਗੁਜ਼ਾਰਾ ਕੀਤਾ ?

(A) ਬਰਫ਼ ਦੀ ਕੁਲਫ਼ੀ

(B) ਫ਼ੱਲ

(C) ਮੱਛੀ

(D) ਕੱਚੀ ਸਬਜ਼ੀ

**12.** ਅਤਿ ਛੋਟੇ ਪ੍ਰਸ਼ਨ (ਇੱਕ ਸ਼ਬਦ ਵਾਲੇ) *1×4=4*

(i) ਆਪਣੀ ਕਿਰਤ ਵਿਚੋਂ ਕੀ ਕੱਢਣਾ ਚਾਹੀਦਾ ਹੈ ?

(ii) ਮਾਂ ਬੋਲੀ ਦੀ ਖੁਸ਼ਬੂ ਕਿਸਨੇ ਮਾਣੀ ਹੈ ?

(iii) ਰਾਮ ਭਜਨੀ ਦੇ ਪਤੀ ਦਾ ਕੀ ਨਾਂ ਸੀ ?

(iv) 'ਬੇਬੇ ਰਾਮ ਭਜਨੀ' ਇਕਾਂਗੀ ਦਾ ਲੇਖਕ ਕੌਣ ਹੈ ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ : *2×3=6*

(i) ਦੋਵਾਂ ਗੁਆਂਢਣਾਂ ਵਿੱਚ ਅਣਬਣ ਦਾ ਕੀ ਕਾਰਨ ਸੀ ?

(ii) ਚਾਰ ਸੌ ਮੀਟਰ ਦੀ ਦੌੜ ਵਿੱਚ ਜਗਤ ਪ੍ਰਸਿੱਧੀ ਹਾਸਲ ਕਰਨ ਲਈ ਮਿਲਖਾ ਸਿੰਘ ਨੂੰ ਕਿੰਨਾ 'ਕੁ ਅਭਿਆਸ ਕਰਨਾ ਪਿਆ ?

(iii) ਧਰਮ ਬਾਰੇ ਡਾ. ਕਲਾਮ ਦੇ ਕੀ ਵਿਚਾਰ ਸਨ ?

**14.** ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 50 – 60 ਸ਼ਬਦਾਂ ਵਿੱਚ) – *3*

'ਗੁੰਮ ਨੇ ਰਸੋਈ ਵਿੱਚੋਂ' ਕਵਿਤਾ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ ?

**ਜਾਂ**

ਪ੍ਰੋ. ਗਾਰਡਰ ਨੇ ਕਿਹੜੀਆਂ ਅੱਠ ਬੁੱਧੀਆਂ ਦਾ ਖੁਲਾਸਾ ਕੀਤਾ ਹੈ ? ਨਾਂ ਦਸੋ । ਸੰਗੀਤਕ ਬੁੱਧੀ ਵਿਅਕਤੀ ਵਿੱਚ ਕਿਸ ਤਰ੍ਹਾਂ ਦਾ ਨਿਖਾਰ ਲਿਆ ਸਕਦੀ ਹੈ ? 'ਕਲਾਤਮਕ ਰੁਚੀਆਂ : ਪ੍ਰਕਿਰਤੀ ਅਤੇ ਪਹਿਚਾਣ' ਲੇਖ ਦੇ ਅਧਾਰ ਤੇ ਦੱਸੋ ।

**15.** 'ਬੇਬੇ ਰਾਮ ਭਜਨੀ' ਇਕਾਂਗੀ ਰਾਹੀਂ ਇਕਾਂਗੀਕਾਰ ਕੀ ਕਹਿਣਾ ਚਾਹੁੰਦਾ ਹੈ ? ਉੱਤਰ 50 – 60 ਸ਼ਬਦਾਂ ਵਿੱਚ ਦਿਓ । *3*

**ਜਾਂ**

'ਬੇਬੇ ਰਾਮ ਭਜਨੀ' ਇਕਾਂਗੀ ਦੇ ਮੁੱਖ ਚਰਿੱਤਰ ਦਾ ਚਰਿਤਰ ਚਿਤਰਨ 50 – 60 ਸ਼ਬਦਾਂ ਵਿੱਚ ਕਰੋ ।